# 24

# ਨਬੂਵਤ

## ਮੱਤੀ 26:56; ਯੂਹੰਨਾ 5:39

*''ਪਰ ਜਿਨ੍ਹਾਂ ਗੱਲਾਂ ਦੀ ਪ੍ਰਮੇਸ਼ਵਰ ਨੇ ਸਭਨਾਂ ਨਬੀਆਂ ਦੀ ਜ਼ਬਾਨੀ ਅਗੇਤੀ ਖਬਰ ਦਿੱਤੀ ਸੀ ਭਈ ਮੇਰੇ ਮਸੀਹ ਨੇ ਦੁੱਖ ਝੱਲਣਾ ਹੈ ਸੋ ਉਸ ਨੇ ਇਉਂ ਪੂਰੀਆਂ ਕੀਤੀਆਂ'' (ਰਸੂਲਾਂ ਦੇ ਕੰਮ 3:18)।*

ਜੋ ਲੋਕ ਵਿਸ਼ਵਾਸ ਨਹੀਂ ਕਰਨਾ ਨਹੀਂ ਚਾਹੁੰਦੇ, ਉਨ੍ਹਾਂ ਦੀ ਦਿਲਚਸਪੀ ਨਬੂਵਤ ਵਿਚ ਬਹੁਤ ਘੱਟ ਹੁੰਦੀ ਹੈ। ਵਿਚਾਰ ਕਰੋ! ਨਬੂਵਤ ਬਾਈਬਲ ਦੀ ਅਖੰਡਤਾ ਦਾ ਇਕ ਜ਼ਬਰਦਸਤ ਸਬੂਤ ਹੈ। ਖ਼ੁਦਾ ਨੇ ਆਪਣਾ ਹਰ ਵਾਅਦਾ ਪੂਰਾ ਕੀਤਾ। ਫ਼ਲਾਇਡ ਹੈਮਿਲਟਨ ਨੇ ਲਿਖਿਆ ਹੈ ਕਿ ਪੁਰਾਣੇ ਨੇਮ ਵਿਚ ਯਿਸੂ ਬਾਰੇ ਵਿਚ 332 ਨਬੂਵਤਾਂ ਪੂਰੀਆਂ ਹੋਈਆਂ ਹਨ।[1] ਕੁਝ ਤਾਂ ਬਹੁਤ ਹੀ ਸਪੱਸ਼ਟ ਹਨ। ਹੋਰ ਕਿਸੇ ਧਰਮ ਦੇ ਮੋਢੀ ਅਤੇ ਮੁਕਤੀਦਾਤੇ ਦੀ ਨਬੂਵਤ ਨਹੀਂ ਮਿਲਦੀ।

ਇਹ ਸੰਯੋਗ ਨਹੀਂ ਸੀ ਕਿ ਯਿਸੂ ਨੇ ਲੋਕਾਂ ਵਿਚ ਆਪਣੀ ਸੇਵਕਾਈ ਇਸ ਦਾਅਵੇ ਨਾਲ ਪੇਸ਼ ਕੀਤੀ ਕਿ ਉਹੀ ਹੀ ਮਸੀਹਾ ਹੈ ਜਿਹਦੀ ਨਬੂਵਤ ਕੀਤੀ ਗਈ ਸੀ (ਯਸਾਯਾਹ 61:1-3; ਲੂਕਾ 4:16-27)। ਸੁਣਨ ਵਾਲਿਆਂ ਨੂੰ ਉਹਦੀ ਗੱਲ ਸਾਫ਼ ਸਮਝ ਆਉਂਦੀ ਸੀ। ਗੁੱਸੇ ਵਿਚ ਉਨ੍ਹਾਂ ਨੇ ਉਹਨੂੰ ਮਾਰ ਦੇਣ ਦੀ ਕੋਸ਼ਿਸ਼ ਕੀਤੀ (ਲੁਕਾ 4:28-30)। ਲੋਕਾਂ ਨੇ ਉਹਦੇ ਜੱਦੀ ਸ਼ਹਿਰ ਵਿਚ ਹੀ ਉਹਦੀ ਸੇਵਕਾਈ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ!

ਉਨ੍ਹਾਂ ਨਬੂਵਤਾਂ ਤੇ ਵਿਚਾਰ ਕਰੋ ਜੋ ਯਿਸੂ ਨੇ ਪੂਰੀਆਂ ਕੀਤੀਆਂ।[2] ਉਹ ਅਬਰਾਹਾਮ ਦੀ ਸੰਤਾਨ (ਉਤਪਤ 22:18; ਰਸੂਲਾਂ ਦੇ ਕੰਮ 7:1-6; ਰੋਮੀਆਂ 4:13-25; ਗਲਾਤੀਆਂ 3:6-16), ਮੂਸਾ ਵਰਗਾ ਇਕ ਨਬੀ (ਵਿਵਸਥਾਸਾਰ 18:15-22; ਰਸੂਲਾਂ ਦੇ ਕੰਮ 3:22-26) ਅਤੇ ਦਾਊਦ ਦੀ ਸੰਤਾਨ ਸੀ (ਯੂਹੰਨਾ 7:42; ਰੋਮੀਆਂ 1:3; 2 ਤਿਮੋਥਿਉਸ 2:8)। ਉਹ ਦ੍ਰਿਸ਼ਟਾਂਤਾਂ ਵਿਚ ਗੱਲਾਂ ਕਰਦਾ ਸੀ (ਜ਼ਬੂਰ 78:2; ਮੱਤੀ 13:34, 35)। ਉਹ ਕੁਆਰੀ ਦਾ ਪੁੱਤਰ (ਯਸਾਯਾਹ 7:14; ਮੱਤੀ 1:23-25), ਇਕ ਗਲੀਲੀ (ਯਸਾਯਾਹ 9:1, 2; ਮਰਕੁਸ 14:70; ਲੂਕਾ 22:59), ਪਰਾਈਆਂ ਕੌਮਾਂ ਲਈ ਰੌਸ਼ਨੀ (ਯਸਾਯਾਹ 49:6; ਰਸੂਲਾਂ 13:46, 47), ਇਕ ਦੀਨ ਰਾਜਾ (ਜ਼ਕਰਯਾਹ 9:9; ਮੱਤੀ 21:1-8), ਸ਼ਾਖ (ਯਿਰਮਿਯਾਹ 23:5; ਇਬਰਾਨੀਆਂ 7:14), ਮਿਸਰ ਵਿੱਚੋਂ ਸੱਦਿਆ ਗਿਆ (ਹੋਸ਼ੇਆ 11:1; ਮੱਤੀ 2:15) ਅਤੇ ਇਕ ਨਾਸਰੀ ਸੀ (ਮੱਤੀ 2:23)। ਉਹ ਜਗਤ ਦੀ ਨੀਂਹ ਧਰਨ

ਤੋਂ ਵੀ ਪਹਿਲਾਂ ਸਾਡਾ ਮੁਕਤੀਦਾਤਾ ਐਲਾਨਿਆ ਗਿਆ ਸੀ (ਅਫ਼ਸੀਆਂ 1:3, 4; 3:9-11; 1 ਪਤਰਸ 1:20)।

ਇਨ੍ਹਾਂ ਵਿੱਚੋਂ ਕੁਝ ਨਬੂਵਤਾਂ ਸਧਾਰਣ ਰੂਪ ਵਿਚ ਦਿੱਤੀਆਂ ਗਈਆਂ ਹਨ। ਪਰ ਖ਼ਾਸ ਤੌਰ ਤੇ ਸਲੀਬ ਦੇ ਸਬੰਧ ਵਿਚ ਕਈ ਵੇਰਵੇ ਦਿੱਤੇ ਗਏ ਹਨ, ਜਿਵੇਂ ਉਹਦੀ ਮੌਤ ਦਾ ਢੰਗ (ਜ਼ਬੂਰ 22:16; ਜ਼ਕਰਯਾਹ 12:10; ਯੂਹੰਨਾ 12:32)। ਸ਼ਰੇਆਮ ਮੌਤ (ਵਿਵਸਥਾਸਾਰ 21:22, 23; ਰਸੂਲਾਂ ਦੇ ਕੰਮ 5:30; 10:39; 13:29; ਗਲਾਤੀਆਂ 3:13; 1 ਪਤਰਸ 2:24), ਚਾਂਦੀ ਦੇ ਤੀਹ ਸਿੱਕਿਆਂ ਵਿਚ ਇਕ ਦੋਸਤ ਵੱਲੋਂ ਫੜਵਾਇਆ ਜਾਣਾ (ਜ਼ਬੂਰ 41:9; ਜ਼ਕਰਯਾਹ 11:12; ਮੱਤੀ 26:14, 15; 27:3-10), ਆਪਣੇ ਇਲਜ਼ਾਮ ਲਾਉਣ ਵਾਲਿਆਂ ਸਾਹਮਣੇ ਖ਼ਾਮੋਸ਼ੀ (ਜ਼ਬੂਰ 38:13; ਯਸਾਯਾਹ 53:7; ਮੱਤੀ 26:59-63; ਮਰਕੁਸ 14:55-61; 1 ਪਤਰਸ 2:23, 24), ਡਾਕੂਆਂ ਨਾਲ ਹੋਣਾ (ਯਸਾਯਾਹ 53:12; ਮੱਤੀ 27:38; ਮਰਕੁਸ 15:28; ਲੂਕਾ 23:39-43), ਅਤੇ ਹੱਥਾਂ ਅਤੇ ਪੈਰਾਂ ਦਾ ਵਿਨ੍ਹਿਆ ਜਾਣਾ (ਜ਼ਬੂਰ 22:16; ਜ਼ਕਰਯਾਹ 12:10; ਯੂਹੰਨਾ 20:27)। ਉਹਦੇ ਕਪੜਿਆਂ ਲਈ ਗੁਣੇ ਪਾਏ (ਜ਼ਬੂਰ 22:18; ਮਰਕੁਸ 15:24; ਯੂਹੰਨਾ 19:23, 24) ਅਤੇ ਉਹਦੀ ਕੋਈ ਹੱਡੀ ਨਹੀਂ ਤੋੜੀ ਗਈ ਸੀ (ਜ਼ਬੂਰ 34:20; ਯੂਹੰਨਾ 19:36)। ਉਹਨੂੰ ਪੀਣ ਲਈ ਪਿੱਤ ਅਤੇ ਸਿਰਕਾ ਦਿੱਤਾ ਗਿਆ (ਜ਼ਬੂਰ 69:21; ਮੱਤੀ 27:34; ਯੂਹੰਨਾ 19:28-30), ਖ਼ੁਦਾ ਵੱਲੋਂ ਤਿਆਗਿਆ ਗਿਆ (ਜ਼ਬੂਰ 22:1; ਮੱਤੀ 27:46), ਅਮੀਰ ਆਦਮੀ ਦੇ ਨਾਲ ਦਫ਼ਨਾਇਆ ਗਿਆ (ਯਸਾਯਾਹ 53:9; ਮੱਤੀ 27:57-60) ਅਤੇ ਰੱਦਿਆ ਹੋਇਆ ਖੂੰਜੇ ਦਾ ਪੱਥਰ ਬਣਿਆ (ਜ਼ਬੂਰ 118:22, 23; ਮੱਤੀ 21:42; ਰਸੂਲਾਂ ਦੇ ਕੰਮ 4:11; ਰੋਮੀਆਂ 9:32, 33)। ਪੈਂਟੀਕਾਸਟ ਵਾਲੇ ਦਿਨ, ਪਤਰਸ ਨੇ ਐਲਾਨ ਕੀਤਾ ਕਿ ਉਸ ਦੀਨ ਰਾਜੇ ਨੂੰ ਜੋ ਗਧੇ ਤੇ ਸਵਾਰ ਹੋ ਕੇ ਆਇਆ ਸੀ (ਜ਼ਕਰਯਾਹ 9:9; ਮੱਤੀ 21:1-11), ''ਪ੍ਰਭੂ ਵੀ ਅਤੇ ਮਸੀਹ ਵੀ'' ਬਣਾ ਦਿੱਤਾ ਗਿਆ ਹੈ (ਰਸੂਲਾਂ ਦੇ ਕੰਮ 2:36)।

ਮਸੀਹਾ ਬਾਰੇ ਉਹਦੀਆਂ ਕਈ ਨਬੂਵਤਾਂ ਕਰਕੇ ਯਸਾਯਾਹ ਨੂੰ ''ਮਸੀਹਾ ਦਾ ਨਬੀ'' ਕਿਹਾ ਜਾਂਦਾ ਹੈ। ਨਵੇਂ ਨੇਮ ਵਿਚ ਉਹਦੀਆਂ ਲਿਖਤਾਂ ਪੰਜਾਹ ਤੋਂ ਵੱਧ ਵਾਰ ਦੁਹਰਾਈਆਂ ਗਈਆਂ ਹਨ।[3] ਮਸੀਹ ਤੋਂ ਛੇ ਸੌ ਸਾਲ ਪਹਿਲਾਂ ਉਹਨੂੰ ਖ਼ੁਦਾ ਵੱਲੋਂ ਮਸੀਹਾ ਦੀ ਵਿਸਥਾਰ ਸਹਿਤ ਤਸਵੀਰ ਬਣਾਉਣ ਦੀ ਪ੍ਰੇਰਨਾ ਦਿੱਤੀ ਗਈ ਸੀ। ਪੁਰਾਣੇ ਨੇਮ ਵਿਚ ਯਸਾਯਾਹ 53 ''ਅਤਿ ਪਵਿੱਤਰ ਸਥਾਨ'' ''ਦੁਖੀ ਦਾਸ ਦਾ ਗੀਤ'' ਹੈ। ਯਹੂਦੀ ਲੋਕ ਸਿਆਸੀ, ਫ਼ੌਜੀ ਜਿੱਤ ਚਾਹੁੰਦੇ ਹਨ। ਉਨ੍ਹਾਂ ਦੇ ਮਨ 'ਚ ਦੁਖੀ, ਮੁਰਦਾ ਮੁਕਤੀਦਾਤੇ ਦਾ ਖਿਆਲ ਆਇਆ ਹੀ ਨਹੀਂ। ਉਨ੍ਹਾਂ ਤੇ ਰਹਿਮ ਕਰੋ। ਸੁਰਗ ਦੇ ਖ਼ੁਦਾ ਦੇ ਸਲੀਬ 'ਤੇ ਮਰਨ ਦੀ ਕਲਪਨਾ ਕਰਨਾ ਵਾਕਿਆ ਹੀ ਔਖਾ ਹੈ!

ਯਸਾਯਾਹ 53 ਦੀਆਂ ਗੱਲਾਂ ਨਵੇਂ ਨੇਮ ਵਿਚ ਘੱਟੋ-ਘੱਟ ਛੇ ਵਾਰ ਦੁਹਰਾਈਆਂ ਗਈਆਂ ਹਨ![4] ਫ਼ਿਲਿੱਪੁਸ ਨੇ ਹਬਸ਼ੀ ਖੋਜੇ ਨੂੰ ਦੱਸਿਆ ਸੀ ਕਿ ਯਸਾਯਾਹ 53 ਵਾਲਾ ਆਦਮੀ ਯਿਸੂ ਹੀ ਸੀ (ਰਸੂਲਾਂ ਦੇ ਕੰਮ 8:30-35)।

ਯਸਾਯਾਹ 53 ਦੀਆਂ ਸਭ ਕਿਰਿਆਵਾਂ ਭੂਤਕਾਲ ਵਿਚ ਹਨ। ਭਵਿੱਖ ਨੂੰ ਇਤਿਹਾਸ ਵਾਂਗ ਐਲਾਨਿਆ ਜਾ ਰਿਹਾ ਹੈ। ਖ਼ੁਦਾ (ਯਿਸੂ) ਕੱਲ੍ਹ, ਅੱਜ ਅਤੇ ਹਮੇਸ਼ਾ ਇੱਕੋ ਜਿਹਾ ਹੈ। ਖ਼ੁਦਾ ਲਈ ਭੂਤ, ਵਰਤਮਾਨ ਅਤੇ ਭਵਿੱਖ ਸਭ ਇੱਕੋ ਜਿਹੀ ਹਕੀਕਤ ਹਨ। ਖ਼ੁਦਾ ਦੀਆਂ ਨਬੂਵਤਾਂ

ਐਨੀਆਂ ਹਨ ਕਿ ਉਨ੍ਹਾਂ ਨੂੰ ਭੂਤਕਾਲ ਵਿਚ ਲਿਖਿਆ ਜਾ ਸਕਦਾ ਸੀ। ਯਿਸੂ ਨੇ ਆਪਣੇ ਬਾਰੇ ਕੀਤੀਆਂ ਗਈਆਂ ਸਭ ਨਬੂਵਤਾਂ ਪੂਰੀਆਂ ਕੀਤੀਆਂ। ਉਹਨੇ ਆਪਣੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਦੀ ਨਬੂਵਤ ਕੀਤੀ ਅਤੇ ਉਨ੍ਹਾਂ ਦੀ ਇਕ-ਇਕ ਗੱਲ ਪੂਰੀ ਕੀਤੀ![5] ਮਸੀਹ ਦੀ ਜ਼ਿੰਦਗੀ ਅਤੇ ਮੌਤ ਧਰਤੀ 'ਤੇ ਸਭ ਤੋਂ ਪ੍ਰਮਾਣਤ ਤੱਥ ਹਨ!

*ਸਲੀਬ ...*
*ਹੋਰ ਰਾਹ ਹੀ ਨਹੀਂ!*

---

ਟਿੱਪਣੀਆਂ

[1]ਫ਼ਲੌਇਡ ਹੈਮਿਲਟਨ, *ਦਿ ਬੇਸਿਸ ਆਫ਼ ਕ੍ਰਿਸਚਿਅਨ ਫ਼ੇਥ,* ਸੋਧ ਅਤੇ ਵਿਸਤਾਰ (ਨਿਊ ਯਾਰਕ: ਹਾਰਪਰ ਐਂਡ ਰੋਅ, 1964), 160. [2]''ਜੀਜ਼ਸ ਕ੍ਰਾਈਸਟ, ਦ ਡਿਵਾਈਨ ਸਨ ਆਫ਼ ਗੌਡ,'' *ਟਰੁੱਥ ਫ਼ਾਰ ਟੁਡੇ* (ਅੰਗ੍ਰੇਜ਼ੀ ਅੰਕ, ਮਈ 2000): 9-17 ਵਿਚ ਵੇਖੋ, ਹਿਊਗੋ ਮੇਕੋਰਡ, ''ਜੀਜ਼ਸ: ਦ ਫ਼ੁਲਫ਼ਿਲਮੈਂਟ ਆਫ਼ ਪ੍ਰਫ਼ੇਸੀ ਇਨ ਹਿਜ਼ ਲਾਈਫ਼।'' [3]ਗਲੀਸਨ ਐਲ. ਆਰਕਰ ਐਂਡ ਗ੍ਰੇਗਰੀ ਚਿਰਿਚਿੰਗੋ, *ਓਲਡ ਟੈਸਟਾਮੈਂਟ ਕੁਟੇਸ਼ੰਜ਼ ਇਨ ਦ ਨਿਊ ਟੈਸਟਾਮੈਂਟ* (ਸ਼ਿਕਾਗੋ: ਮੂਡੀ ਪ੍ਰੈੱਸ, 1983), 92-134. [4]ਉਹੀ, 120-24. [5]ਵੇਖੋ ਮੱਤੀ 16:21 (ਅਤੇ ਮਰਕੁਸ 8:31; ਲੂਕਾ 9:22); 17:22, 23 (ਅਤੇ ਮਰਕੁਸ 9:30-32; ਲੂਕਾ 9:43, 44); 20:17-19 (ਅਤੇ ਮਰਕੁਸ 10:32-34; ਲੂਕਾ 18:31-33); ਲੂਕਾ 24:7, 44-46; ਯੂਹੰਨਾ 13:19.